ਸ਼ਹਿਰਾਂ ਨੂੰ ਸਹੂਲਤਾਂ ਦੇਣ ਲਈ ਗਰਾਂਟਾਂ ਦਿੱਤੀਆਂ ਜਾਣਗੀਆਂ-ਅਜਨਾਲਾ

ਕਪੂਰਥਲਾ, 21 ਜਨਵਰੀ (ਪ.ਪ.)-ਡਾ. ਰਤਨ ਸਿੰਘ ਅਜਨਾਲਾ, ਮੈਂਬਰ ਪਾਰਲੀਮੈਂਟ ਨੇ ਅੱਜ ਨਗਰ ਕੌਂਸਲ ਕਪੂਰਥਲਾ ਵੱਲੋਂ ਸ਼ਾਲੀਮਾਰ ਬਾਗ ਵਿਖੇ ਮਨਾਏ ਗਏ 93ਵੇਂ ਬਸੰਤ ਮੇਲੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਪੂਰਥਲਾ ਸ਼ਹਿਰ, ਜਿਸ ਨੂੰ ਪੀਣ ਵਾਲੇ ਸਾਫ ਪਾਣੀ, ਸੀਵਰੇਜ ਅਤੇ ਸਫਾਈ ਦੀਆਂ ਵਧੀਆ ਸਹੂਲਤਾਂ ਮੁਹੱਈਆ ਕਰਵਾਉਣ ਵਾਸਤੇ ਵੱਧ ਤੋਂ ਵੱਧ ਗਰਾਂਟਾਂ ਦਿੱਤੀਆਂ ਜਾਣਗੀਆਂ। ਇਸ ਬਸੰਤ ਮੇਲੇ ਦਾ ਉਦਘਾਟਨ ਸ੍ਰੀ ਰਾਜ ਕਮਲ ਚੌਧਰੀ, ਡਿਪਟੀ ਕਮਿਸ਼ਨਰ ਕਪੂਰਥਲਾ ਨੇ ਸ਼ਾਂਤੀ ਦਾ ਪ੍ਰਤੀਕ ਕਬੂਤਰ ਉਡਾ ਕੇ ਤੇ ਗੁਬਾਰੇ ਹਵਾ ਵਿੱਚ ਛੱਡ ਕੇ ਕੀਤਾ। ਇਸ ਮੌਕੇ 'ਤੇ ਸ੍ਰ. ਰਘਬੀਰ ਸਿੰਘ ਸਾਬਕਾ ਟਰਾਂਸਪੋਰਟ ਮੰਤਰੀ ਪੰਜਾਬ ਅਤੇ ਪ੍ਰਧਾਨਜ਼ਿਲ੍ਹਾ ਸ਼੍ਰੋਮਣੀ ਅਕਾਲੀ ਦਲ (ਬਾਦਲ), ਐਡਵੋਕੇਟ ਪਰਮਜੀਤ ਸਿੰਘ ਪ੍ਰਧਾਨ ਨਗਰ ਕੌਂਸਲ ਕਪੂਰਥਲਾ, ਸ੍ਰੀ ਕੁਲਦੀਪ ਸਿੰਘ ਚੰਦੀ ਐੱਸ.ਡੀ.ਐੱਮ. ਕਪੂਰਥਲਾ, ਸ੍ਰੀ ਸ਼ਾਮ ਸੁੰਦਰ ਅੱਗਰਵਾਲ ਜ਼ਿਲ੍ਹਾ ਪ੍ਰਧਾਨ ਭਾਰਤੀ ਜਨਤਾ ਪਾਰਟੀ, ਸ੍ਰੀ ਮਹਿੰਦਰ ਕੁਮਾਰ ਅੱਗਰਵਾਲ ਚੇਅਰਮੈਨ ਮੇਲਾ ਬਸੰਤ ਕਮੇਟੀ, ਸ੍ਰੀਮਤੀ ਗੁਰਵਿੰਦਰ ਕੌਰ ਈ.ਓ. ਨਗਰ ਕੌਂਸਲ ਅਤੇ ਮਿਊਂਸਪਲ ਕੌਂਸਲਰ ਸਹਿਬਾਨ ਤੇ ਅਧਿਕਾਰੀ ਤੇ ਪਤਵੰਤੇ ਹਾਜ਼ਰ ਸਨ।

ਜਾਰੀ ਹੈ ਕੋਹਰਾ

ਠੰਢ ਦਾ ਪ੍ਰਕੋਪ ਜਾਰੀ ਹੈ, ਕੋਹਰੇ ਅਤੇ ਧੁੰਦ ਨਾਲ ਜਨ ਜੀਵਨ ਲੜਖੜਾ ਗਿਆ ਹੈ। ਲੋਕਾਂ ਦੇ ਕੰਮਕਾਜ 'ਤੇ ਕਾਫ਼ੀ ਅਸਰ ਹੋਇਆ ਹੈ, ਪਰ ਇਸ ਤਰ੍ਹਾਂ ਦੇ ਵੀ ਲੋਕ ਹਨ ਜਿਨ੍ਹਾਂ ਨੂੰ ਇਸ ਸਰਦੀ 'ਚ ਵੀ ਸੜਕਾਂ 'ਤੇ ਨਿਕਲਣਾ ਪੈਂਦਾ ਹੈ।

ਸੇਵਾ ਮੁਕਤੀ ਦੇ ਲਾਭਾਂ ਵਿੱਚ ਹੇਰਾਫੇਰੀ-ਇੱਕ ਵਿਰੁੱਧ ਕੇਸ ਦਰਜ

ਤਰਨ ਤਾਰਨ, 21 ਜਨਵਰੀ (ਪ.ਪ.)-ਮ੍ਰਿਤਕ ਮਾਂ ਦੇ ਸੇਵਾ ਮੁਕਤੀ ਵਾਲੇ ਲਾਭਾਂ ਵਿੱਚੋਂ ਜ਼ਿਆਦਾ ਹਿੱਸਾ ਲੈਣ ਦੀ ਇੱਛਾ ਰੱਖਣ ਵਾਲਾ ਸ਼ਹਿਰ ਦਾ ਇੱਕ ਨੌਜਵਾਨ ਕੰਵਲਜੀਤ ਸਿੰਘ ਹੇਰਾਫੇਰੀ ਦੇ ਕੇਸ ਵਿੱਚ ਉਲਝ ਗਿਆ ਹੈ। ਥਾਣਾ ਸਿਟੀ ਦੀ ਪੁਲਿਸ ਨੇ ਕੰਵਲਜੀਤ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ। ਇਹ ਕੇਸ ਉਨ੍ਹਾਂ ਦੇ ਚਾਚੇ ਦੇ ਬਿਆਨਾਂ 'ਤੇ ਦਰਜ ਕੀਤਾ ਹੈ। ਚਾਚਾ ਮਹਿੰਦਰਪਾਲ ਸਿੰਘ ਜੋ ਕਿ ਭਾਰਤੀ ਜੀਵਨ ਬੀਮਾ ਨਿਗਮ ਵਿੱਚ ਡਿਵੈੱਲਪਮੈਂਟ ਅਫਸਰ ਹੈ, ਨੇ ਪੁਲਿਸ ਕੋਲ ਬਿਆਨ ਦਰਜ ਕਰਵਾ ਕੇ ਦੱਸਿਆ ਕਿ ਉਸ ਦੀ ਭਰਜਾਈ ਬੀਬੀ ਸੁਰਜੀਤ ਕੌਰ ਮਰਨ ਤੋਂ ਪਹਿਲਾਂ 8 ਕੁ ਮਹੀਨੇ ਪਹਿਲਾਂ ਉਸ ਜਿੰਮੇ ਇਹ ਕੰਮ ਲਗਾ ਗਈ ਸੀ ਕਿ ਉਸ ਦੇ ਮਰਨ ਉਪਰੰਤ ਉਸ ਨੂੰ ਮਿਲਣ ਵਾਲੇ ਲਾਭ ਉਸ ਦੀਆਂ ਦੋ ਲੜਕੀਆਂ ਸਮੇਤ ਤਿੰਨ ਬੱਚਿਆਂ ਵਿੱਚ ਬਰਾਬਰ ਦਿੱਤੇ ਜਾਣ। ਸੁਰਜੀਤ ਕੌਰ ਨੂੰ ਇਹ ਪਤਾ ਨਹੀਂ ਸੀ ਕਿ ਉਸ ਨੂੰ ਲੱਗੀ ਹੋਈ ਭਿਆਨਕ ਬਿਮਾਰੀ ਕਿਸੇ ਵੇਲੇ ਵੀ ਜਾਨ ਲੇਵਾ ਸਾਬਤ ਹੋ ਸਕਦੀ ਹੈ। ਮਹਿੰਦਰਪਾਲ ਨੇ ਸੁਰਜੀਤ ਕੌਰ ਦੀ ਇੱਛਾ ਦਾ ਖਿਆਲ ਕਰਦਿਆਂ, ਜਿਵੇਂ ਹੀ ਸੁਰਜੀਤ ਕੌਰ ਨੂੰ ਮਿਲਣ ਵਾਲੇ ਲਾਭਾਂ ਆਦਿ ਦਾ ਕੇਸ ਵਿਭਾਗ ਨੂੰ ਭੇਜਿਆ ਤਾਂ ਮ੍ਰਿਤਕਾ ਦਾ ਲੜਕਾ ਕੰਵਲਜੀਤ ਸਿੰਘ ਰੋੜੇ ਅਟਕਾਉਣ ਲੱਗਾ ਅਤੇ ਉਸ ਦਾ ਵਾਰਸ ਹੋਣ ਦਾ ਦਾਅਵਾ ਪੇਸ਼ ਕਰਕੇ ਤੇ ਮਿਲਣ ਵਾਲੇ ਲਾਭਾਂ ਲਈ ਵਿਭਾਗ ਤੱਕ ਪਹੁੰਚ ਗਿਆ। ਰਿਸ਼ਤੇਦਾਰਾਂ ਆਦਿ ਨੂੰ ਆਪਸੀ ਸਹਿਮਤੀ ਨਾਲ ਇਹ ਫੈਸਲਾ ਕਰਵਾਇਆ, ਜਿਨ੍ਹਾਂ ਚਿਰ ਤੱਕ ਸੇਵਾ ਮੁਕਤੀ ਦੇ ਲਾਭ ਆਦਿ ਨਹੀਂ ਮਿਲ ਜਾਂਦੇ ਮਹਿੰਦਰਪਾਲ ਉਸ ਨੂੰ ਦੋ ਲੱਖ ਰੁਪਏ ਇੱਕ ਚੈੱਕ ਦੇ ਦੇਵੇਗਾ, ਪਰ ਕੰਵਲਜੀਤ ਸਿੰਘ ਉਹ ਚੈੱਕ ਕੈਸ਼ ਨਹੀਂ ਕਰਵਾਏਗਾ।

ਇਸ ਫੈਸਲੇ ਤਹਿਤ ਜਿਵੇਂ ਹੀ ਸੇਵਾ ਮੁਕਤੀ ਦੇ ਲਾਭ ਮਹਿੰਦਰਪਾਲ ਸਿੰਘ ਨੇ ਕੱਢਵਾ ਲਏ ਅਤੇ ਇਹ ਰਕਮ ਤਿੰਨ ਬਚਿਆਂ ਵਿੱਚ ਬਰਾਬਰ-ਬਰਾਬਰ ਵੰਡ ਦਿੱਤੀ ਗਈ ਤਾਂ ਕੰਵਲਜੀਤ ਨੇ ਦੋ ਲੱਖ ਦਾ ਚੈੱਕ ਵੀ ਕੈਸ਼ ਕਰਵਾਉਣ ਲਈ ਐੱਚ.ਡੀ.ਐੱਫ.ਸੀ. ਬੈਂਕ ਕੋਲ ਜਮ੍ਹਾਂ ਕਰਵਾ ਦਿੱਤਾ, ਭਾਵੇਂ ਕਿ ਇਹ ਚੈੱਕ ਜਾਰੀ ਕਰਤਾ ਦੇ ਖਾਤੇ ਵਿੱਚ ਲੋੜੀਂਦੀ ਰਕਮ ਨਾ ਹੋਣ ਕਾਰਨ ਕੈਸ਼ ਨਹੀਂ ਕਰਵਾਇਆ ਜਾ ਸਕਿਆ।

ਨਿਊਟਨ ਦੇ ਸੇਬ ਦੀ ਅਸਲ ਕਹਾਣੀ ਨੈੱਟ 'ਤੇ

ਨਿਊਯਾਰਕ 21 ਜਨਵਰੀ (ਅ.ਬ.)- ਹੁਣ ਪਹਿਲੀ ਵਾਰ ਆਮ ਲੋਕ ਇੰਟਰਨੈੱਟ 'ਤੇ ਉਸ ਇਤਿਹਾਸਕ ਘਟਨਾਕ੍ਰਮ ਦੇ ਦਸਤਾਵੇਜ਼ ਨੂੰ ਦੇਖ ਸਕਦੇ ਹਨ ਜਿਨ੍ਹਾਂ 'ਤੇ ਸੇਬ ਦੇ ਡਿੱਗਣ ਨੂੰ ਲੈ ਕੇ ਸਿਧਾਂਤ ਦੇ ਵਿਕਾਸ ਤੱਕ ਦੀ ਕਹਾਣੀ ਲਿਖੀ ਹੈ। ਨਿਊਟਨ ਨੇ ਇਸ ਘਟਨਾ ਬਾਰੇ ਆਪਣੇ ਸਮਕਾਲੀਨ ਵਿਗਿਆਨੀ ਵਿਲਿਅਮ ਸਟਿਊਕਲੀ ਨੂੰ ਦੱਸਿਆ ਸੀ ਅਤੇ ਉਸ ਦਾ ਲਿਖਿਆ ਬਿਊਰਾ ਹੀ ਇਸ ਘਟਨਾ ਦਾ ਸਭ ਤੋਂ ਵੱਡਾ ਵਿਸ਼ਵਾਸ਼ ਪਾਤਰ ਸਮਝਿਆ ਜਾਂਦਾ ਹੈ। ਸਟਿਊਕਲੀ ਨੇ ਨਿਊਟਨ ਦੀ ਜੀਵਨੀ ਲਿਖੀ ਅਤੇ ਉਸ 'ਚ ਉਨ੍ਹਾਂ ਦੇ ਨਾਲ ਸੇਬ ਅਤੇ ਗਰੁੱਤਾ ਖਿੱਚ ਬਾਰੇ ਹੋਈ ਚਰਚਾ ਨੂੰ ਲਿਖਿਆ ਗਿਆ ਸੀ। ਉਹ ਪਾਂਡੂਲਿਪੀ ਬ੍ਰਿਟੇਨ ਦੀ ਰੋਇਲ ਸੁਸਾਇਟੀ ਦੇ ਕੋਲ ਸੁਰੱਖਿਅਤ ਰੱਖੀ ਹੋਈ ਹੈ। ਰਾਇਲ ਸੋਸਾਇਟੀ ਦੀ 350ਵੀਂ ਵਰ੍ਹੇਗੰਢ 'ਤੇ ਇਸ ਸਾਲ ਉਸ ਪਾਂਡੂਲਿਪੀ ਨੂੰ ਵੈਬਸਾਈਟ 'ਤੇ ਪਾਇਆ ਜਾ ਰਿਆ ਹੈ। ਨਿਊਟਨ ਦੇ ਗਰੁੱਤਾ ਖਿੱਚ ਦੇ ਸਿਧਾਂਤ ਤੋਂ ਪਤਾ ਲੱਗਾਉਣ ਦੀ ਘਟਨਾ ਸਾਢੇ ਤਿੰਨ ਸੌ ਸਾਲ ਪੁਰਾਣੀ ਹੈ, 1660 ਦੇ ਦਹਾਕੇ ਦੇ ਮੱਧ ਦੀ ਘਟਨਾ ਹੈ, ਵਿਲਿਆਮ ਸਟਿਊਕਲੀ ਨੇ ਲਿਖਿਆ ਹੈ ਕਿ 1726 ਦੀ ਬਸੰਤ 'ਚ ਇੱਕ ਦਿਨ ਸੇਬ ਦੇ ਦਰਖਤ ਦੀ ਛਾਂ 'ਚ ਨਿਊਟਨ ਨੇ ਉਨ੍ਹਾਂ ਨੂੰ ਇਸ ਘਟਨਾ ਬਾਰੇ ਦੱਸਿਆ ਸੀ। ਉਸ ਸਮੇਂ ਨਿਊਟਨ ਕੈਂਬ੍ਰਿਜ਼ ਯੂਨੀਵਰਸਿਟੀ 'ਚ ਪੜਦਾ ਸੀ, ਪਲੇਗ ਫੈਲਣ ਦੇ ਕਾਰਨ ਯੂਨੀਵਰਸਿਟੀ ਬੰਦ ਹੋਣ ਕਾਰਨ ਨਿਊਟਨ ਉਤਰੀ ਇੰਗਲੈਂਡ 'ਚ ਆਪਣੇ ਘਰ ਚਲੇ ਗਏ। ਨਿਊਟਨ ਨੇ ਸਟਿਊਕਲੀ ਨੂੰ ਦੱਸਿਆ ਕਿ ਜਿਸ ਤਰ੍ਹਾਂ ਉਸ ਦਿਨ ਉਹ ਸੇਬਾਂ ਦੇ ਦਰਖਤ ਥੱਲ੍ਹੇ ਬੈਠੇ ਸਨ, ਉਸੇ ਤਰ੍ਹਾਂ ਦੀ ਘਟਨਾ 'ਚ ਉਹ ਇੱਕ ਦਰਖਤ ਥੱਲ੍ਹੇ ਬੈਠੇ ਸੋਚ ਰਹੇ ਸਨ ਜਦ ਇੱਕ ਸੇਬ ਡਿੱਗਿਆ। ਸਟਿਊਕਲੀ ਲਿਖਦੇ ਹਨ :- 'ਨਿਊਟਨ ਬੈਠੇ ਸੋਚ ਰਹੇ ਸਨ, ਜਦ ਇੱਕ ਸੇਬ ਡਿੱਗਿਆ, ਉਨ੍ਹਾਂ ਸੋਚਿਆ ਕਿ ਇਹ ਸੇਬ ਸਿੱਧਾ ਹੀ ਕਿਉਂ ਡਿੱਗਿਆ, ਆਸੇ-ਪਾਸੇ ਜਾਂ ਉਪਰ ਕਿਉਂ ਨਹੀਂ ਗਿਆ... ਇਸ ਦਾ ਮਤਲਬ ਧਰਤੀ ਉਸ ਨੂੰ ਖਿੱਚ ਰਹੀ ਹੈ, ਉਸ 'ਚ ਖਿੱਚ ਹੈ।' ਵੈਸੇ ਰਾਇਲ ਸੁਸਾਇਟੀ ਦੀ ਲਾਇਬ੍ਰੇਰੀ ਦੇ ਪ੍ਰਮੁੱਖ ਕੀਥ ਮੂਰ ਦਾ ਕਹਿਣਾ ਹੈ ਕਿ ਸੇਬ ਦੇ ਡਿੱਗਣ ਦੀ ਕਹਾਣੀ ਸ਼ਾਇਦ ਇੱਕ ਕਹਾਣੀ ਹੀ ਹੈ ਜਿਸ ਨੂੰ ਨਿਊਟਨ ਨੇ ਬਾਅਦ 'ਚ ਆਮ ਲੋਕਾਂ ਨੂੰ ਸਮਝਾਉਣ ਲਈ ਬਣਾ ਲਿਆ। ਕੀਥ ਮੂਰ ਕਹਿੰਦੇ ਹਨ ਕਿ ਨਿਊਟਨ ਨੇ ਸੇਬ ਡਿੱਗਣ ਦੀ ਕਹਾਣੀ ਦਾ ਸਹਾਰਾ ਆਮ ਲੋਕਾਂ ਨੂੰ ਗਰੁੱਤਾ ਖਿੱਚ ਕੀ ਹੈ ਸਮਝਾਉਣ ਲਈ ਕੀਤਾ ਅਤੇ ਸੇਬ ਦੇ ਸਿਰ 'ਤੇ ਡਿੱਗਣ ਦੀ ਕਹਾਣੀ ਤਾਂ ਹੋਰ ਵੀ ਬਾਅਦ 'ਚ ਬਣਾਈ ਗਈ ਹੈ। ਰਾਇਲ ਸੁਸਾਇਟੀ ਦੁਨੀਆਂ 'ਚ ਵਿਗਿਆਨਕਾਂ ਦੀ ਸਭ ਤੋਂ ਪੁਰਾਣਾ ਸੰਸਥਾ ਹੈ, ਜਿਸ ਦਾ ਗਠਨ 1660 'ਚ ਵਿਗਿਆਨ ਦੇ ਪ੍ਰਸਾਰ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਸੰਸਥਾ ਆਪਣੀ 350ਵੀਂ ਵਰ੍ਹੇਗੰਢ 'ਤੇ 60 ਤੋਂ ਜ਼ਿਆਦਾ ਮਹੱਤਵਪੂਰਨ ਵਿਗਿਆਨਕਾ ਦਸਤਾਵੇਜ਼ਾਂ ਨੂੰ ਵੈੱਬਸਾਈਟ 'ਤੇ ਪਾ ਰਹੀ ਹੈ।

> *ਵਿਗਿਆਨ ਅਤੇ ਵਿਗਿਆਨਕਾਂ ਦੀਆਂ ਕਹਾਣੀਆਂ 'ਚ ਸਭ ਤੋਂ ਜ਼ਿਆਦਾ ਚਰਚਾ 'ਚ ਰਹਿਣ ਵਾਲੀ ਇੱਕ ਕਹਾਣੀ ਹੈ ਸਰ ਆਈਜ਼ਕ ਨਿਊਟਨ ਦੀ । ਕਹਾਣੀ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਇੱਕ ਡਿੱਗਦੇ ਸੇਬ ਤੋਂ ਗਰੁੱਤਾ ਖਿੱਚ ਦਾ ਰਹੱਸ ਸੁਲਝਾਇਆ*

ਸਵਾਮੀ ਵਿਵੇਕਾਨੰਦ ਜੀ ਨੂੰ ਸਮਰਪਿਤ ਕੌਮੀ ਯੁਵਾ ਹਫਤਾ ਮਨਾਇਆ

ਮੌੜ ਮੰਡੀ, 21 ਜਨਵਰੀ (ਸ਼ਾਮ ਲਾਲ ਜੋਧਪੁਰੀਆ)-ਸਵਾਮੀ ਵਿਵੇਕਾਨੰਦ ਜੀ ਨੂੰ ਸਮਰਪਿਤ ਕੌਮੀ ਯੁਵਾ ਹਫਤਾ ਨਹਿਰੂ ਯੁਵਾ ਕੇਂਦਰ ਮਾਨਸਾ ਵੱਲੋਂ ਬੜੇ ਹੀ ਧੂਮਧਾਮ ਤੇ ਭਾਵਪੂਰਤ ਤਰੀਕੇ ਨਾਲ ਮਨਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਨਹਿਰੂ ਯੁਵਾ ਕੇਂਦਰ ਦੇ ਲੇਖਾਕਾਰ ਸ੍ਰੀ ਸੰਦੀਪ ਘੰਡ ਨੇ ਦੱਸਿਆ ਕਿ ਸਵਾਮੀ ਵਿਵੇਕਾਨੰਦ ਜੀ ਨੌਜਵਾਨਾਂ ਲਈ ਮਾਰਗ ਦਰਸ਼ਕ ਸਨ। ਇਸ ਲਈ ਨੌਜਵਾਨਾਂ ਵਿੱਚ ਯੁਵਾ ਹਫਤੇ ਨੂੰ ਮਨਾਉਣ ਸਮੇਂ ਬਹੁਤ ਹੀ ਉਤਸ਼ਾਹ ਪਾਇਆ ਗਿਆ। ਸ੍ਰੀ ਘੰਡ ਨੇ ਦੱਸਿਆ ਕਿ ਇਸ ਹਫਤੇ ਦੀ ਸ਼ੁਰੂਆਤ ਪਿੰਡ ਭੁਪਾਲ ਵਿਖੇ ਖੂਨਦਾਨ ਕੈਂਪ ਲਾ ਕੇ ਕੀਤੀ ਗਈ। ਭਰੂਣ ਹੱਤਿਆ ਸੰਬੰਧੀ ਸੈਮੀਨਾਰ ਤੇ ਧੀਆਂ ਦੀ ਲੋਹੜੀ ਸੱਭਿਆਚਾਰਕ ਮੇਲੇ ਦੇ ਰੂਪ ਵਿੱਚ ਬੁਢਲਾਡਾ ਤੇ ਉਡਤ ਭਗਤ ਰਾਮ ਵਿਖੇ ਮਨਾਈ ਗਈ। ਭਾਗੀਦਾਰੀ ਦਿਵਸ ਦੌਰਾਨ ਬੱਚਿਆਂ ਦੇ ਲੇਖ ਮੁਕਾਬਲੇ ਪਿੰਡ ਜਟਾਨਾ ਕਲਾਂ ਸਮਾਜ ਸੇਵਾ ਦਿਵਸ ਪਿੰਡ ਬੁਰਜ ਰਾਠੀ ਤੇ ਖੇਤ ਦਿਵਸ ਪਿੰਡ ਬੱਛੂਆਣਾ ਵਿਖੇ ਮਨਾਇਆ ਗਿਆ। ਸ਼ਾਂਤੀ ਦਿਵਸ ਪਿੰਡ ਬੁਢਲਾਡਾ ਤੇ ਲੜਕੀਆਂ ਦੀ ਕਿੱਤਾ ਸਿਖਲਾਈ ਕੇਂਦਰਾਂ ਦੀ ਨੁਮਾਇਸ਼ ਅਤੇ ਸਮਾਪਤੀ ਸਮਾਰੋਹ ਅਕਲੀਆਂ ਵਿਖੇ ਮਨਾਇਆ ਗਿਆ, ਜਿਸ ਵਿੱਚ ਲੜਕੀਆਂ ਦੇ ਪੇਟਿੰਗ, ਕਢਾਈ ਤੇ ਲੇਦਰ ਮੇਕਿੰਗ ਦੇ ਬਣਾਏ ਹੋਏ ਸਮਾਨ ਦੀ ਪ੍ਰਦਰਸ਼ਨੀ ਲਾਈ ਗਈ ਤੇ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਗਏ। ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ ਸ੍ਰੀਮਤੀ ਪਰਮਜੀਤ ਸੋਹਲ ਜ਼ਿਲ੍ਹਾ ਯੂਥ ਕੋਆਰਡੀਨੇਟਰ ਨਹਿਰੂ ਯੁਵਾ ਕੇਂਦਰ ਸਨ। ਉਨ੍ਹਾਂ ਨੌਜਵਾਨਾਂ ਨੂੰ ਸਵਾਮੀ ਵਿਵੇਕਾਨੰਦ ਜੀ ਦੇ ਕਦਮਾਂ ਤੇ ਚੱਲਣ ਦੀ ਅਪੀਲ ਕੀਤੀ। ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਪਰਮਿੰਦਰ ਸਿੰਘ ਦੇਸ਼ ਭਗਤ ਆਈ.ਟੀ.ਆਈ. ਅਕਲੀਆ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦੀ ਅਪੀਲ ਕੀਤੀ। ਇਸ ਮੌਕੇ ਬੋਲਦਿਆਂ ਨਹਿਰੂ ਯੁਵਾ ਕੇਂਦਰ ਮਾਨਸਾ ਦੇ ਲੇਖਾਕਾਰ ਸ੍ਰੀ ਸੰਦੀਪ ਘੰਡ ਨੇ ਨੌਜਵਾਨਾਂ ਨੂੰ ਸਵਾਮੀ ਵਿਵੇਕਾਨੰਦ ਜਿਹਾ ਚਰਿੱਤਰ ਅਪਣਾਉਣ ਦੀ ਅਪੀਲ ਕੀਤੀ ਤੇ ਸਮਾਜਿਕ ਬੁਰਾਈਆਂ ਖਿਲਾਫ ਲੜਨ ਲਈ ਕਿਹਾ। ਮਾਲਵਾ ਯੂਥ ਕਲੱਬ ਅਕਲੀਆਂ ਦੇ ਪ੍ਰਧਾਨ ਸ੍ਰੀ ਸੋਹਣ ਸਿੰਘ ਨੈਸ਼ਨਲ ਯੂਥ ਅਵਾਰਡੀ ਨੇ ਸਮੂਹ ਨੌਜਵਾਨਾਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਹੋਰ ਪ੍ਰੋਗਰਾਮ ਕਰਨ ਦਾ ਪ੍ਰਣ ਲਿਆ। ਇਸ ਮੌਕੇ ਮੁੱਖ ਮਹਿਮਾਨ ਵੱਲੋਂ ਕੌਮੀ ਯੁਵਾ ਹਫਤਾ ਕਰਵਾਉਣ ਵਾਲੇ ਕਲੱਬ ਪ੍ਰਧਾਨਾਂ ਸ੍ਰੀ ਬਖਸ਼ੀਸ ਸਿੰਘ ਭੁਪਾਲ, ਸ੍ਰੀ ਬਲਜੀਤ ਸਿੰਘ ਉਡਤ ਭਗਤ ਰਾਮ, ਸ੍ਰੀ ਹਰਵਿੰਦਰ ਸਿੰਘ ਜਟਾਣਾਂ ਕਲਾਂ, ਸ੍ਰੀ ਸੰਤੋਖ ਸਿੰਘ ਬੁਰਜ ਰਾਠੀ, ਸ੍ਰੀ ਗੁਰਦੀਪ ਸਿੰਘ ਬੱਛੂਆਣਾ, ਸ੍ਰੀ ਊਧਮ ਆਲਮ ਬੁਢਲਾਡਾ ਆਦਿ ਤੇ ਰਾਸ਼ਟਰੀ ਸੇਵਾ ਕਰਮੀ ਤੇ ਯੁਵਾ ਸਾਥੀ ਸ੍ਰੀ ਬਲਵਿੰਦਰ ਸਿੰਘ ਬੁਢਲਾਡਾ, ਪਰਮਜੀਤ ਕੌਰ ਮਾਨਸਾ, ਜੋਨੀ ਮਿੱਤਲ ਬੁਰਜਹਰੀ, ਬਲਜਿੰਦਰ ਜਟਾਣਾ ਕਲਾਂ, ਸੰਦੀਪ ਭੀਖੀ, ਸੋਮਾ ਸਿੰਘ ਗੁਰਨੇ ਕਲਾਂ ਆਦਿ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਫਲ ਕਰਨ ਲਈ ਕਲੱਬ ਦੇ ਅਹੁਦੇਦਾਰਾਂ ਸ੍ਰੀ ਬਲਜੀਤ ਸਿੰਘ, ਬਲਵੀਰ ਸਿੰਘ, ਹਰਬੰਸ ਸਿੰਘ, ਨਿਰਮਲ ਸਿੰਘ, ਮੇਜਰ ਸਿੰਘ ਦਾ ਰੋਲ ਸ਼ਲਾਘਾਯੋਗ ਰਿਹਾ। ਸਮਾਪਤੀ ਸਮਾਰੋਹ ਦਾ ਮੰਚ ਸੰਚਾਲਨ ਊਧਮ ਆਲਮ ਬੁਢਲਾਡਾ ਵੱਲੋਂ ਕੀਤਾ ਗਿਆ।

200 ਮਰੀਜ਼ਾਂ ਦਾ ਮੁਆਇਨਾ ਕੀਤਾ

ਸੰਗਰੂਰ, 21 ਜਨਵਰੀ (ਅਵਤਾਰ ਸਿੰਘ ਛਾਜਲੀ)- ਸਿਵੀਆਂ ਹੈਲਥ ਕੇਅਰ ਸੈਂਟਰ ਵਿਖੇ ਇੱਕ ਮੁਫਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ, ਜਿਸ ਵਿੱਚ ਲੱਗਭੱਗ 200 ਮਰੀਜ਼ਾਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ। ਮੈਨੇਜਿੰਗ ਡਾਇਰੈਕਟਰ ਡਾ. ਪ੍ਰਭਜੋਤ ਸਿੰਘ ਸਿਬੀਆ ਨੇ ਦੱਸਿਆ ਕਿ ਇਸ ਕੈਂਪ ਵਿੱਚ ਡਾ. ਦਿਨੇਸ਼ ਗੁਪਤਾ ਡੀ.ਐੱਮ. ਗੈਸਟਰੋ ਵਿਸ਼ੇਸ਼ ਤੌਰ 'ਤੇ ਪਹੁੰਚੇ। ਡਾ. ਸਿਬੀਆ ਮੁਤਾਬਿਕ ਡਾ. ਦਿਨੇਸ਼ ਗੁਪਤਾ ਹੁਣ ਹਰੇਕ ਮਹੀਨੇ ਦੂਜੇ ਅਤੇ ਚੌਥੇ ਐਤਵਾਰ ਇੱਥੇ ਮਰੀਜ਼ਾਂ ਦਾ ਡਾਕਟਰੀ ਮੁਆਇਨਾ ਕਰਿਆ ਕਰਨਗੇ। ਇਸ ਕੈਂਪ ਵਿੱਚ 15 ਮਰੀਜ਼ਾਂ ਦੀ ਐਡੋਨਕੋਪੀ ਤੇ 20 ਮਰੀਜ਼ਾਂ ਦੀ ਕਲੋਨੋਸਕੈਪੀ ਮੁਫਤ ਕੀਤੀ ਗਈ।

ਕਬੱਡੀ ਟੂਰਨਾਮੈਂਟ 13 ਤੋਂ

ਸੰਗਰੂਰ-ਨਜ਼ਦੀਕੀ ਪਿੰਡ ਸਾਹੋ ਵਿਖੇ ਸ਼ਹੀਦ ਬਲਵੀਰ ਸਿੰਘ ਕਾਰਗਿੱਲ ਕਲੱਬ ਵੱਲੋਂ ਬਾਬਾ ਦਰਸ਼ਨ ਦਾਸ ਮੁਖੀ ਡੇਰਾ ਡਵਿੱਡਾ ਸਾਹਿਬ ਦੀ ਰਹਿਨੁਮਾਈ ਹੇਠ 13, 14 ਫਰਵਰੀ ਨੂੰ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਕਲੱਬ ਦੇ ਪ੍ਰਧਾਨ ਰਣਧੀਰ ਸਿੰਘ ਨੇ ਦੱਸਿਆ ਕਿ ਇਨਾਮ ਵੰਡ ਸਮਾਰੋਹ ਲੋਕ ਨਿਰਮਾਣ ਮੰਤਰੀ ਪ੍ਰਮਿੰਦਰ ਸਿੰਘ ਢੀਂਡਸਾ ਤੇ ਪ੍ਰਕਾਸ਼ ਚੰਦ ਗਰਗ ਸ਼ਿਰਕਤ ਕਰਨਗੇ।

ਮੁਲਾਜ਼ਮ ਵਰਗ ਵੱਲੋਂ ਜਯੋਤੀ ਬਾਸੂ ਨੂੰ ਸ਼ਰਧਾਂਜਲੀ

ਸੰਗਰੂਰ,-ਮੁਲਾਜ਼ਮ ਆਗੂ ਸਰਬਜੀਤ ਸਿੰਘ ਜਨਰਲ ਸਕੱਤਰ ਪੰਜਾਬ ਸੁਬਾਰਡੀਨੇਟਰ ਸਰਵਿਸ ਫੈਡਰੇਸ਼ਨ ਗੁਲਜ਼ਾਰ ਖਾਂ, ਮੈਂਬਰ ਗੁਰਦਿਆਲ ਸਿੰਘ ਕਾਂਝਲਾ, ਗੁਰਚਰਨ ਸਿੰਘ, ਜੰਗ ਸਿੰਘ, ਚਮਕੌਰ ਸਿੰਘ ਨੇ ਕਾਮਰੇਡ ਜਯੋਤੀ ਬਾਸੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਮੁਲਾਜ਼ਮ ਵਰਗ ਦਾ ਨਾਇਕ ਜਿਸ ਨੇ ਆਪਣੀ ਜ਼ਿੰਦਗੀ ਦੱਬੇ ਕੁਚਲੇ ਲੋਕਾਂ ਦੀ ਭਲਾਈ ਕਰਨ ਵਿੱਚ ਲਗਾ ਦਿੱਤੀ ਨੂੰ ਸਾਰਾ ਮੁਲਾਜ਼ਮ ਵਰਗ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ।

ਜ਼ਖ਼ੀਰੇਬਾਜ਼ਾਂ ਨੂੰ ਕੇਂਦਰ ਦੀ ਸ਼ਹਿ ਕਾਰਨ ਮਹਿੰਗਾਈ ਵਧੀ-ਡਾ. ਦਿਆਲ

ਜਲੰਧਰ, 21 ਜਨਵਰੀ (ਆਵਾਜ਼ ਨਿਊਜ਼ ਸਰਵਿਸ)- ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਦੇਸ਼ ਵਿੱਚ ਵੱਧ ਰਹੀ ਮਹਿੰਗਾਈ ਵਿਰੁੱਧ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਤੇ ਭੁੱਖ ਹੜਤਾਲ ਦੀ ਲੜੀ ਤਹਿਤ ਜ਼ਿਲ੍ਹਾ ਜਲੰਧਰ 'ਚ ਸੀ. ਪੀ. ਆਈ., ਤੇ ਸੀ. ਪੀ. ਆਈ. ਐਮ. ਦੇ ਸੈਂਕੜੇ ਵਰਕਰਾਂ ਨੇ ਡੀ. ਸੀ. ਦੇ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ। ਜਲੰਧਰ ਡੀ. ਸੀ. ਦਫ਼ਤਰ ਅੱਗੇ ਵਿਸ਼ਾਲ ਧਰਨੇ ਨੂੰ ਸੰਬੋਧਨ ਕਰ ਦਿਆ ਸੀ.ਪੀ. ਆਈ. ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਕਿ ਕੇਂਦਰ ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਾਰਪੋਰੇਟ ਸੈਕਟਰ ਨੂੰ ਰਿਆਇਤਾਂ ਦੇ ਰਹੀ ਹੈ ਅਤੇ ਜਨਤਕ ਵੰਡ ਪ੍ਰਣਾਲੀ ਸਬ-ਸੀਡੀਆ ਖ਼ਤਮ ਕਰਕੇ ਮਹਿੰਗਾਈ ਪੈਦਾ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਵਿੱਚ ਅੰਨ ਦੀ ਕੋਈ ਕਮੀ ਨਹੀਂ ਪਰ ਕੇਂਦਰ ਸਰਕਾਰ ਨੇ ਜਖ਼ੀਰੇਬਾਜ਼ਾਂ ਨੂੰ ਖੁੱਲ੍ਹ ਦੇ ਕੇ ਅੰਨ ਦੀ ਥੁੜ ਦਾ ਹਾਊਮਾ ਪੈਦਾ ਕਰ ਰਹੀ ਹੈ। ਦੇਸ਼ ਦੇ ਵੱਖ ਵੱਖ ਕੇਂਦਰੀ ਮੰਤਰੀ ਨਿੱਤ ਦਿਨ ਰੋਜ਼ਾਨਾ ਖਾਣ ਪੀਣ ਦੀਆਂ ਵਸਤਾਂ ਵਾਧੇ ਦੇ ਬਿਆਨ ਦੇ ਕੇ ਮਹਿੰਗਾਈ ਪੈਦਾ ਕਰ ਰਹੇ ਹਨ। ਕੇਂਦਰੀ ਮੰਤਰੀ ਇਸ 'ਤੇ ਨਜ਼ਰ ਨਹੀਂ ਰੱਖ ਰਹੇ ਤੇ ਇਸ ਦੀ ਥੁੜ ਕਿਉਂ ਪੈਦਾ ਹੋ ਰਹੀ ਹੈ। ਜਿਸ ਦੇ ਸਿੱਟੇ ਵਜੋਂ ਕਿਸਾਨ ਮਜ਼ਦੂਰ ਮਹਿੰਗਾਈ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਕਾਮਰੇਡ ਦਿਆਲ ਨੇ ਕਿਹਾ ਕਿ ਕੇਂਦਰ ਸਰਕਾਰ ਵਧੀ ਮਹਿੰਗਾਈ ਦਾ ਬਹਾਨਾ ਮੌਸਮ 'ਤੇ ਸੁੱਟਣਾ ਚਾਹੁੰਦੀ ਹੈ ਪਰ ਇਹ ਮਹਿੰਗਾਈ ਜਾਖੀਰੇਬਾਜ਼ਾਂ ਕਾਰਨ ਵਧੀ ਹੈ। ਕੇਂਦਰ ਸਰਕਾਰ ਜਖ਼ੀਰੇਬਾਜ਼ਾਂ ਦੀ ਰਾਖੀ ਕਰ ਰਹੀ ਹੈ। ਇਸ ਲਈ ਸਾਨੂੰ ਇਸ ਵਧੀ ਮਹਿੰਗਾਈ ਦੇ ਸੰਘਰਸ਼ ਤਿੱਖੇ ਕਰਨੇ ਹੋਣਗੇ। ਇਸ ਧਰਨੇ ਨੂੰ ਕਾਮਰੇਡ ਕੁਲਵੰਤ ਸਿੰਘ ਸਾਬਕਾ ਐਮ. ਐਲ. ਏ. ਲੇ ਕਿਹਾ ਕਿ ਕੇਂਦਰ ਸਰਕਾਰ ਦੀ ਮਨਮੋਹਨ ਸਰਕਾਰ ਤੇ ਬਾਦਲ ਦੇ ਰਾਜ ਅੰਦਰ ਜਿੱਥੇ ਮਹਿੰਗਾਈ ਨੇ ਲੋਕਾਂ ਦਾ ਜਿਉਣਾ ਦੁਭਰ ਕੀਤਾ ਹੈ। ਉਥੇ ਲੋਕਾਂ ਕੋਲ ਕੰਮ ਨਾ ਹੋਣ ਕਰਕੇ ਉਨ੍ਹਾਂ ਨੂੰ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨਾ ਵੀ ਮੁਸ਼ਕਿਲ ਹੈ। ਇਸ ਧਰਨੇ ਨੂੰ ਸੀ.ਪੀ. ਆਈ. ਦੇ ਜ਼ਿਲ੍ਹਾ ਜਲੰਧਰ ਦੇ ਸਾਥੀ ਰਜਿੰਦਰ ਮੰਡ ਐਡਵੋਕੇਟ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਆਰਥਿਕ ਮਾਹਿਰ ਹੈ। ਇਸ ਦੇ ਹੁੰਦਿਆਂ ਮਹਿੰਗਾਈ ਬੇਰੁਜ਼ਗਾਰੀ, ਭੁੱਖਮਰੀ, ਗਰੀਬੀ ਦਾ ਵੱਧਾ ਸਾਡੇ ਦੇਸ਼ 'ਤੇ ਕਲੰਕ ਹੈ। ਧਰਨੇ ਦੀ ਅਗਵਾਈ ਹਰਜਿੰਦਰ ਸਿੰਘ ਮੌਜੀ ਤਹਿਸੀਲ ਸਕੱਤਰ, ਸੀ.ਪੀ. ਆਈ. ਜਲੰਧਰ, ਰਾਜੇਸ਼ ਥਾਪਾ ਸਕੱਤਰ ਜਲੰਧਰ ਸ਼ਹਿਰੀ, ਕਾਮਰੇਡ ਕ੍ਰਿਪਾਲ ਸਿੰਘ ਤੇ ਸੀ. ਪੀ.ਐਮ. ਦੇ ਆਗੂ ਕਾਮਰੇਡ ਕੇਵਲ ਸਿੰਘ ਹਜ਼ਾਰਾ ਤੇ ਕਾਮਰੇਡ

(ਫੋਟੋ : ਕੁਲਦੀਪ ਸਟੂਡੀਓ)

ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਅਧਿਆਪਕਾਂ ਦੀ ਪੈਨਸ਼ਨ ਬਹਾਲ ਹੋਣ 'ਤੇ ਖੁਸ਼ੀ ਦੀ ਲਹਿਰ

ਨਾਭਾ, 21 ਜਨਵਰੀ (ਰਾਜਿੰਦਰ ਸਿੰਘ ਕਪੂਰ)-ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਅਧਿਆਪਕ ਯੂਨੀਅਨ ਨਾਭਾ ਬਲਾਕ ਦੀ ਇੱਕ ਜ਼ਰੂਰੀ ਮੀਟਿੰਗ ਪ੍ਰਧਾਨ ਸ੍ਰੀਮਤੀ ਕ੍ਰਿਪਾਲ ਕੌਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਸਕੂਲ ਸੇਵਾ ਮੁਕਤ ਅਤੇ ਕੰਮ ਕਰਦੇ ਅਧਿਆਪਕਾਂ ਦੀ 31-5-2003 ਤੋਂ ਬੰਦ ਪਈ ਪੈਨਸ਼ਨ ਨੂੰ ਬਹਾਲ ਕਰਨ ਲਈ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਸਿੱਖਿਆ ਮੰਤਰੀ ਤੋਤਾ ਸਿੰਘ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਫੈਸਲੇ ਨਾਲ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਮੀਟਿੰਗ ਵਿੱਚ ਜਗਮੋਹਨ ਲਾਲ, ਅਸ਼ਵਨੀ ਸ਼ਰਮਾ ਤੋਂ ਇਲਾਵਾ ਸਮੂਹ ਸਕੂਲਾਂ ਦੇ ਸਟਾਫ ਮੈਂਬਰ ਸੇਵਾ ਮੁਕਤ ਅਧਿਆਪਕ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਪੰਜਾਬ ਸਰਕਾਰ ਵੱਲੋਂ ਚਲਾਈਆਂ ਸਕੀਮਾਂ ਦਾ ਲਾਭ ਲੈਣਾ ਚਾਹੀਦੈ-ਮਨਤਾਰ ਬਰਾੜ

ਪਿੰਡਾਂ ਦੇ ਵਿਕਾਸ ਲਈ 27.50 ਲੱਖ ਦੇ ਚੈੱਕ ਵੰਡੇ

ਕੋਟਕਪੂਰਾ 21 ਜਨਵਰੀ (ਪ.ਪ.) ਸ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤ੍ਰੀ ਪੰਜਾਬ ਦੀ ਕ੍ਰਿਪਾ ਸਦਕਾ ਪੰਜਾਬ ਵਿਚ ਖਾਲਿਆਂ ਦੇ ਪੈਸੇ ਮੰਜ਼ੂਰ ਹੋ ਚੁੱਕੇ ਹਨ ਅਤੇ ਆਉਂਦੇ 8-10 ਮਹੀਨਿਆਂ ਵਿਚ ਪੰਜਾਬ ਦਾ ਕੋਈ ਵੀ ਅਜਿਹਾ ਪਿੰਡ ਨਹੀਂ ਹੋਵੇਗਾ ਜਿੱਥੇ ਖਾਲੇ ਪੱਕੇ ਨਾ ਹੋਣ ਹਰੇਕ ਪਿੰਡ ਵਿਚ 9-9 ਇੰਚੀ ਪੱਕੇ ਖਾਲੇ ਜਲਦ ਬਣਾ ਦਿੱਤੇ ਜਾਣਗੇ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੱਲ੍ਹ ਬਾਅਦ ਦੁਪਿਹਰ ਵੱਖ ਵੱਖ ਪਿੰਡਾਂ ਵਿਚ ਵਿਕਾਸ ਕਾਰਜਾਂ ਲਈ ਚੈੱਕ ਵੰਡਣ ਉਪਰੰਤ ਜ਼ਿਲਾ ਜੱਥੇਦਾਰ ਅਤੇ ਹਲਕਾ ਇੰਚਾਰਜ ਮਨਤਾਰ ਸਿੰਘ ਬਰਾੜ ਨੇ ਵੱਖ-ਵੱਖ ਪਿੰਡਾਂ ਵਿਚ ਆਪਣੇ ਭਾਸ਼ਨੀ ਸਮਾਰੋਹ ਦੌਰਾਨ ਕੀਤਾ । ਇਸ ਮੌਕੇ ਉਨ੍ਹਾਂ 6 ਪਿੰਡਾਂ ਨੂੰ 27 ਲੱਖ 50 ਹਜ਼ਾਰ ਰੁਪੈ ਦੀ ਗ੍ਰਾਂਟ ਦੇ ਚੈੱਕ ਵੰਡੇ । ਉਨ੍ਹਾਂ ਕਿਹਾ ਕਿ ਕਿਸੇ ਨਾਲ ਕੋਈ ਪੱਖਪਾਤ ਨਹੀਂ ਕੀਤਾ ਜਾਵੇਗਾ ਕਿ ਇਹ ਕਾਂਗਰਸੀ ਹੈ ਜਾਂ ਅਕਾਲੀ, ਲੋਕ ਭਲਾਈ ਪਾਰਟੀ ਹੈ ਜਾਂ ਭਾਜਪਾ ਸਗੋਂ ਅਸੀਂ ਤਾਂ ਦੇਖਣਾ ਹੈ ਕਿਸਾਨ ਦੇ ਹਿੱਤ ਨੂੰ ! ਉਨ੍ਹਾਂ ਕਿਹਾ ਕਿ ਕੋਈ ਕਿਸੇ ਨਾਲ ਬੱਝਾ ਨਹੀਂ ਹੁੰਦਾ ਜੇਕਰ ਅਸੀਂ ਕਿਸੇ ਦਾ ਕੰਮ ਕਰਾਂਗੇ ਤਾਂ ਉਹ ਆਪਣੇ ਆਪ ਸੋਚੇਗਾ ਕਿ ਇਸ ਵਿਅੱਕਤੀ ਨੇ ਸਾਡਾ ਕੰਮ ਕੀਤਾ ਹੈ ਅਤੇ ਅਸੀਂ ਕਿਸੇ ਵੇਲੇ ਇਸਦੀ ਮੱਦਦ ਕਰੀਏ । ਉਨ੍ਹਾਂ ਕਿਹਾ ਕਿ ਲੋਕ ਪਾਰਟੀ ਨਹੀਂ ਆਦਮੀ ਦਾ ਕੰਮ ਦੇਖਦੇ ਹਨ । ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਲੋਕਾਂ ਨਾਲ ਮੋਘੇ ਦੇ ਕੇਸਾਂ ਵਿਚ ਕਾਫੀ ਪੱਖਪਾਤ ਕੀਤਾ ਹੈ ਜੇਕਰ ਕਿਤੇ ਕਿਸੇ ਅਕਾਲੀ ਦਾ ਵਾਹਨ ਆਉਂਦਾ ਸੀ ਤਾਂ ਉਹ ਛੱਡ ਦਿੱਤਾ ਜਾਂਦਾ ਸੀ ਉਨ੍ਹਾਂ ਕਿਹਾ ਕਿ ਮੈਂ ਵਿਸ਼ਵਾਸ਼ ਦੁਆਉਂਦਾ ਹਾਂ ਕਿ ਸਾਡੀ ਪਾਰਟੀ ਵੱਲੋਂ ਅਜਿਹਾ ਪੱਖਪਾਤ ਨਹੀਂ ਕੀਤਾ ਜਾਵੇਗਾ । ਉਨ੍ਹਾਂ ਦੱਸਿਆ ਕਿ ਪਿੰਡ ਨੰਗਲ ਵਿਖੇ 33 ਲੱਖ ਰੁਪੈ ਦੀ ਲਾਗਤ ਨਾਲ ਵਾਟਰ ਵਰਕਸ ਤਿਆਰ ਕੀਤਾ ਜਾਵੇਗਾ ਜਿਸ ਨਾਲ ਪਿੰਡ ਵਾਸੀਆਂ ਨੂੰ ਸ਼ੁਧ ਪਾਣੀ ਮੁਹੱਈਆ ਕਰਵਾਇਆ ਜਾਵੇਗਾ ਅਤੇ ਉਸਦੇ ਵਿਚ ਹੀ ਆਰ.ਓ. ਸਿਸਟਮ ਲੱਗਾ ਹੋਵੇਗਾ ਜਿਸ ਨਾਲ ਲੋਕ ਬਿਮਾਰੀਆਂ ਤੋਂ ਬਚ ਸਕਣਗੇ ਕਿਉਂਕਿ ਉਨ੍ਹਾਂ ਕਿਹਾ ਕਿ ਧਰਤੀ ਹੇਠਲਾਂ ਪਾਣੀ ਕਾਫੀ ਖਰਾਬ ਹੋ ਚੁੱਕਾ ਹੈ ਜਿਸ ਨਾਲ ਕੈਂਸਰ ਵਰਗੀ ਨਾ ਮੁਰਾਦ ਬਿਮਾਰੀ ਲੱਗਦੀ ਹੈ । ਉਨ੍ਹਾਂ ਕਿਹਾ ਕਿ ਇਸ ਲਈ ਪਿੰਡ ਵਾਸੀਆਂ ਨੂੰ 1 ਲੱਖ 18 ਹਜ਼ਾਰ ਰੁਪੈ ਦੇਣੇ ਪੈਣਗੇ ਜਦ ਕਿ ਬਾਕੀ ਪੈਸੇ ਸਰਕਾਰ ਖੁੱਦ ਲਗਾਏਗੀ । ਸੋ ਅਜਿਹੀਆਂ ਸਕੀਮਾਂ ਸਦਾ ਨਹੀਂ ਮਿਲਦੀਆਂ ਸਿਰਫ 4-5 ਸਾਲ ਵਾਸਤੇ ਹੀ ਹੁੰਦੀਆਂ ਹਨ ਫਿਰ ਕੀ ਪਤਾ ਵਰਲਡ ਬੈਂਕ ਸਰਕਾਰ ਦੀ ਸਹਾਹਿਤਾ ਕਰੇ ਜਾਂ ਨਾ ਕਰੇ ਇਸ ਲਈ ਸਾਨੂੰ ਸਰਕਾਰ ਵੱਲੋਂ ਚਲਾਈਆਂ ਸਕੀਮਾਂ ਦਾ ਪੂਰਾ ਲਾਭ ਲੈਣਾ ਚਾਹੀਦਾ ਹੈ । ਇਸ ਮੌਕੇ ਉਨ੍ਹਾਂ ਬੀਬੀ ਹਰਿੰਦਰ ਕੌਰ ਬਰਾੜ ਚੇਅਰਪਰਸਨ ਜ਼ਿਲਾ ਪ੍ਰੀਸ਼ਦ ਦੀ ਮੌਜੂਦਗੀ ਵਿਚ ਭਾਣਾ ਪਿੰਡ ਦੀ ਪੰਚਾਇਤ ਨੂੰ ਗੰਦੇ ਪਾਣੀ ਨਿਕਾਸੀ ਲਈ 5 ਲੱਖ ਰੁਪੈ ਦਾ ਚੈੱਕ, ਚੰਮੇਲੀ ਪਿੰਡ ਵਿਚ ਗਲੀਆਂ ਨਾਲੀਆਂ ਲਈ 1 ਲੱਖ 50 ਹਜ਼ਾਰ ਰੁਪੈ ਅਤੇ ਬੱਸ ਸਟੈਂਡ ਲਈ 50 ਹਜ਼ਾਰ ਰੁਪੈ, ਨੰਗਲ ਪਿੰਡ ਵਿਚ ਕਮਿਊਨਟੀ ਹਾਲ ਲਈ 2 ਲੱਖ ਰੁਪੈ, ਢੁੱਡੀ ਪਿੰਡ ਵਿਖੇ ਛੱਪੜ ਦੇ ਪਾਣੀ ਅਤੇ ਕੰਧ ਲਈ 6 ਲੱਖ 50 ਹਜ਼ਾਰ, ਧੂੜਕੋਟ ਵਿਖੇ ਗਲੀਆਂ ਨਾਲੀਆਂ ਲਈ 3 ਲੱਖ ਰੁਪੈ, 50 ਹਜ਼ਾਰ ਰੁਪੈ ਬੱਸ ਸਟੈਂਡ ਅਤੇ ਸ਼ਮਸ਼ਾਨ ਘਾਟ ਲਈ 1 ਲੱਖ 50 ਹਜ਼ਾਰ ਰੁਪੈ ਅਤੇ ਕੋਟ ਸੁਖੀਆ ਵਿਖੇ ਹਰੀਜਨ ਬਸਤੀ ਦੇ ਗੰਦੇ ਪਾਣੀ ਦੇ ਨਿਕਾਸ ਲਈ 3 ਲੱਖ ਰੁਪੈ, ਪਿੰਡ ਦੇ ਪਾਣੀ ਦੇ ਨਿਕਾਸ ਲਈ3ਲੱਖ ਰੁਪੈ ਅਤੇ ਧਰਮਸ਼ਾਲ ਬਸਤੀ ਲਈ 1 ਲੱਖ ਰੁਪੈ ਦੇ ਚੈੱਕ ਪਿੰਡ ਦੀਆਂ ਪੰਚਾਇਤਾਂ ਨੂੰ ਦਿੱਤੇ । ਸ: ਮਨਤਾਰ ਸਿੰਘ ਬਰਾੜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪਹਿਲੀ ਕਿਸ਼ਤ ਦੇ ਰੁਪੈ ਪੰਚਾਇਤਾਂ ਨੂੰ ਦਿੱਤੇ ਹਨ ਅਤੇ ਇੰਨੇ ਰੁਪੈ ਹੀ ਦੂਜੀ ਕਿਸ਼ਤ ਵਿਚ ਜਲਦ ਦੇ

ਭਰੂਣ ਹੱਤਿਆ ਤੇ ਨਸ਼ਿਆਂ ਖਿਲਾਫ ਜਾਗਰੂਕ ਕਰਨ ਦਾ ਸੰਕਲਪ ਲਿਆ

ਗੜ੍ਹਸ਼ੰਕਰ 21ਜਨਵਰੀ(ਪ.ਪ.)- ਮਨੁੱਖੀ ਅਧਿਕਾਰ ਸੋਸ਼ਲ ਸੁਸਾਇਟੀ ਜ਼ਿਲ੍ਹਾ ਹੁਸ਼ਿਆਰਪੁਰ ਦੀ ਇਕ ਮੀਟਿੰਗ ਇਥੇ ਜ਼ਿਲ੍ਹਾ ਪ੍ਰਧਾਨ ਰਾਜਦੀਪ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਸਮੂਹ ਮੈਂਬਰਾਂ ਨੇ ਸੰਕਲਪ ਲਿਆ ਕਿ ਉਹ ਜ਼ਿਲ੍ਹੇ ਦੇ ਹਰੇਕ ਪਿੰਡ ਦੇ ਘਰ- ਘਰ ਵਿਚ ਜਾ ਕੇ ਲੋਕਾਂ ਨੂੰ ਭਰੂਣ ਹੱਤਿਆ ਅਤੇ ਨਸ਼ਿਆਂ ਦੇ ਖਿਲਾਫ ਜਾਗਰੂਕ ਕਰਨਗੇ। ਅਹੁੱਦੇਦਾਰਾਂ ਨੇ ਕਿਹਾ ਕਿ ਅਗਰ ਕਿਸੇ ਵੀ ਵਿਅਕਤੀ ਨਾਲ ਕੋਈ ਵਧੀਕੀ ਹੁੰਦੀ ਹੈ ਤਾਂ ਉਹ ਸੁਸਾਇਟੀ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ, ਸੁਸਾਇਟੀ ਹਰ ਵਿਅਕਤੀ ਦੀ ਮਦਦ ਲਈ ਤਿਆਰ ਹੈ।

ਸੁਸਾਇਟੀ ਪ੍ਰਧਾਨ ਰਾਜਦੀਪ ਸ਼ਰਮਾ ਦੇ ਦੱਸਿਆ ਕਿ ਸੁਸਾਇਟੀ ਦੀ ਮੈਂਬਰਸ਼ਿਪ ਵੀ ਕੀਤੀ ਜਾ ਰਹੀ ਹੈ ਜਿਸ ਵਿਚ ਸਮਾਜ ਪ੍ਰਤੀ ਸੇਵਾ ਭਾਵਨਾ ਰੱਖਣ ਵਾਲੇ ਵਿਅਕਤੀਆਂ ਨੂੰ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਮੀਟਿੰਗ ਵਿਚ ਮੀਤ ਪ੍ਰਧਾਨ ਗੁਰਦੀਪ ਕੌਰ, ਜੁਆਇੰਟ ਸਕੱਤਰ ਅਮਰਜੀਤ ਪੁਰੀ, ਪ੍ਰੈਸ ਸਕੱਤਰ ਦਲਵੀਰ ਸਿੰਘ, ਕਸ਼ਮੀਰ ਸਿੰਘ ਚੱਕ ਗੁਰੂ, ਦੀਪਕ ਕੁਮਾਰ ਲਕਸੀਹਾਂ, ਸਤਪਾਲ ਸਿੰਘ, ਜਤਿੰਦਰ ਕੁਮਾਰ, ਤਰਸੇਮ ਸਿੰਘ ਆਦਿ ਹਾਜ਼ਰ ਸਨ।

ਪੰਜਾਬੀ ਫ਼ਿਲਮ 'ਇਕ ਕੁੜੀ ਪੰਜਾਬ ਦੀ' ਸ਼ੂਟਿੰਗ ਰਿਪੋਰਟ

ਹਾਲੀਆਂ ਰਿਲੀਜ਼ ਪੰਜਾਬੀ ਫਿਲਮ 'ਮੁੰਡੇ ਯੂ.ਕੇ ਦੇ' ਨੂੰ ਦੇਸ਼, ਵਿਦੇਸ਼ ਵਿੱਚ ਮਿਲੀ ਭਰਪੂਰ ਕਾਮਯਾਬੀ ਅਤੇ ਸਰਾਹਣਾ ਤੋਂ ਬਾਅਦ ਨਿਰਦੇਸ਼ਕ ਮਨਮੋਹਨ ਸਿੰਘ ਇਕ ਵਾਰ ਫਿਰ ਦੁਗਣੇ, ਚਾਅ ਉਤਸ਼ਾਹ ਨਾਲ ਅਪਣੀ ਅਗਲੀ ਫਿਲਮ 'ਇਕ ਕੁੜੀ ਪੰਜਾਬ ਦੀ' ਨੂੰ ਅੰਤਿਮ ਛੋਹਾ ਦੇਣ ਵਿੱਚ ਜੁਟ ਗਏ ਹਨ। ਪੰਜਾਬੀ ਸਿਨੇਮਾਂ ਨੂੰ ਬੁਲੰਦੀਆਂ ਤੇ ਪਹੁੰਚਾਉਣ ਦੇ ਪੰਜਾਬੀਆਂ ਨਾਲ ਕੀਤੇ ਵਾਅਦੇ ਨੂੰ ਪੂਰਿਆ ਕਰਨ ਦੀ ਲੜੀ ਤਹਿਤ ਬਣਾਈ ਜਾ ਰਹੀ ਇਸ ਬਿਗਬਜਟ ਪੰਜਾਬੀ ਫਿਲਮ ਦੀ ਸੂਟਿੰਗ ਸ੍ਰੀ ਅ੍ਰਮਿਤਸਰ ਸਾਹਿਬ , ਚੰਡੀਗੜ੍ਹ ਅਤੇ ਇੰਨ੍ਹਾਂ ਦੇ ਆਸ, ਪਾਸ ਦੇ ਇਲਾਕਿਆਂ ਵਿੱਚ ਪੂਰੀ ਕੀਤੀ ਜਾ ਰਹੀ ਹੈ । 'ਪੰਜਆਬ ਮੂਵੀਜ਼ ਇੰਟਰਨੈਸ਼ਨਲ' ਦੇ ਬੈਨਰਜ਼ ਹੇਠ ਬਣ ਰਹੀ ਇਸ ਫਿਲਮ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸੰਪੂਰਨ ਕੀਤੇ ਗਏ ਸ਼ੂਡਿਊਲ ਦੌਰਾਨ ਨਿਰਦੇਸ਼ਕ ਮਨ ਜੀ ਤੋਂ ਫਿਲਮ ਦੇ ਥੀਮ ਸਬੰਧੀ ਜਾਣਿਆ ਤਾਂ ਉਨ੍ਹਾ ਦੱਸਿਆ ਕਿ ਇਸ ਫਿਲਮ ਦਾ ਧੁਰਾ ਰੰਗਮੰਚ ਦੁਆਲੇ ਤਾਂ ਕੇਂਦਰਿਤ ਕੀਤਾ ਹੀ ਗਿਆ ਹੈ ਨਾਲ ਹੀ ਇਹ ਇਕ ਅਜਿਹੀ ਪੰਜਾਬੀ ਲੜਕੀ ਦੀ ਕਹਾਣੀ ਵੀ ਹੈ ਜੋ ਲੜਕਿਆਂ ਵਾਂਗ ਸਮਾਜ ਵਿੱਚ ਅਪਣਾ ਰੁਤਬਾ ਬੁਲੰਦ ਕਰਨਾ ਚਾਹੁੰਦੀ ਹੈ ਅਤੇ ਅਪਣੇ ਕੁਝ ਕਰ ਗੁਜਰਣ ਦੇ ਦ੍ਰਿੜ ਇਰਾਦੇ ਸਦਕਾ ਇਹ ਅਪਣੇ ਸੁਪਨਿਆਂ ਨੂੰ ਅੰਜਾਮ ਦੇਣ ਵਿੱਚ ਸਫਲ ਵੀ ਰਹਿੰਦੀ ਹੈ। ਪੰਜਾਬੀ ਸਿਨੇਮਾਂ ਨੂੰ ਪੜਾਅ ਦਰ ਪੜਾਅ ਤਰੱਕੀ ਦਾ ਹੁਲਾਰਾਂ ਦੇ ਰਹੇ ਮਨ ਜੀ ਨੇ ਅੱਗੇ ਦੱਸਿਆ ਕਿ ਪੰਜਾਬੀ ਸਿਨੇਮਾਂ ਲਈ ਇਕ ਹੋਰ ਮਾਣਮੱਤੀ ਪ੍ਰਾਪਤੀ ਬਣਨ ਜਾ ਰਹੀ ਇਸ ਫਿਲਮ ਵਿੱਚ ਟਾਈਟਲ ਕਿਰਦਾਰ ਥੀਏਟਰ ਨੂੰ ਸਮਰਪਿਤ ਪ੍ਰਤਿਭਾਸ਼ਾਲੀ ਯੁਵਾ ਅਦਾਕਾਰਾ ਜਸਪਿੰਦਰ ਚੀਮਾਂ ਨਿਭਾ ਰਹੀ ਹੈ ਜੋ ਸਾਲ 2008 ਮਿਸ ਈ.ਟੀ.ਸੀ ਦਾ ਖਿਤਾਬ ਵੀ ਅਪਨੀ ਝੋਲੀ ਪਾ ਚੁੱਕੀ ਹੈ । ਨਿਰਦੇਸ਼ਕ ਮਨ ਜੀ ਵਲੋਂ ਨਿਰਦੇਸ਼ਤ ਪਿਛਲੀਆ ਫਿਲਮਾਂ ਦੀ ਤਰ੍ਹਾ ਇਸ ਵਾਰ ਵੀ ਵੱਡੇ ਪੱਧਰ ਤੇ ਬਣਾਈ ਜਾ ਰਹੀ ਇਸ ਫਿਲਮ ਵਿੱਚ ਪੰਜਾਬੀਆਂ ਦੇ ਹਰਮਨਪਿਆਰੇ ਗਾਇਕ ,ਅਦਾਕਾਰ ਅਮਰਿੰਦਰ ਗਿੱਲ ਵੀ ਇਕ ਵਾਰ ਫਿਰ ਮੁੱਖ ਕਿਰਦਾਰ ਨਿਭਾ ਰਹੇ ਹਨ, ਜਿਨਾਂ ਨਾਲ 'ਬਾਲੀਵੁੱਡ' ਵਿੱਚ ਚੰਗਾ ਨਾਮਣਾ ਖੱਟ ਰਹੇ ਅਮਨ ਧਾਲੀਵਾਲ ਤੋਂ ਇਲਾਵਾ ਗੁੱਗੂ ਗਿੱਲ, ਗੁਰਪ੍ਰੀਤ ਘੁੱਗੀ, ਦੀਪ ਢਿੱਲੋਂ, ਰਾਣਾ ਰਣਬੀਰ, ਕੰਵਲਜੀਤ, ਨਵਨੀਤ ਨਿਸ਼ਾਨ, ਹਰਿੰਦਰ ਭੁੱਲਰ, ਨੀਟਾ ਮਹਿੰਦਰਾ, ਤਰਸ਼ਿੰਦਰ ਸ਼ੋਨੀ, ਸੁਖਵੀਰ ਰਜਿਆ, ਗਗਨ ਗਿੱਲ, ਪ੍ਰਿੰਸ਼ ਕੇ ਜੇ ਸਿੰਘ , ਜੀਵਨਜੋਤ ਕੌਰ, ਦਿਵਿਆ, ਸੁਖਵਿੰਦਰ ਰਾਜ, ਸਿਮਰਤ ਕੌਰ , ਮੁਸ਼ਕਾਨ, ਕਰਮਜੀਤ ਸਿਰਸਾ ਵੀ ਅਹਿਮ ਕਿਰਦਾਰਾ ਵਿੱਚ ਨਜਰ ਆਉਣਗੇ। ਨਿਰਮਾਤਾ ਐਸ.ਐਸ ਜੋਹਲ ਅਤੇ ਮਨਮੋਹਨ ਸਿੰਘ ਦੀ ਪੇਸ਼ਕਸ਼ 'ਇਕ ਕੁੜੀ ਪੰਜਾਬ ਦੀ' ਦਾ ਸੰਗੀਤ ਸੁਖਜਿੰਦਰ ਛਿੰਦਾ ਵਲੋਂ ਤਿਆਰ ਕੀਤਾ ਗਿਆ ਹੈ ਜਦਕਿ ਗੀਤਾ ਦੀ ਰਚਨਾਂ ਅਮਰਦੀਪ ਗਿੱਲ ਵਲੋਂ ਕੀਤੀ ਗਈ ਹੈ , ਜਿੰਨ੍ਹਾਂ ਨੂੰ ਆਵਾਜ਼ਾ ਅਮਰਿੰਦਰ ਗਿੱਲ, ਜਸਬੀਰ ਜੱਸੀ, ਸਰਦੂਲ ਸਿਕੰਦਰ ਅਤੇ ਖੁਦ ਸੁਖਜਿੰਦਰ ਛਿੰਦਾ ਨੇ ਪ੍ਰਦਾਨ ਕੀਤੀਆਂ ਹਨ। ਫਿਲਮ ਦੇ ਚੀਫ ਅਸਿਸਟੈਂਟ ਨਿਰਦੇਸ਼ਕ ਦਰਸ਼ਨ ਦਰਵੇਸ਼ ਤੋਂ ਫਿਲਮ ਦੇ ਹੋਰ ਅਹਿਮ ਪੱਖਾਂ ਬਾਰੇ ਜਾਣਿਆ ਤਾਂ ਉਨ੍ਹਾਂ ਦੱਸਿਆ ਕਿ ਥੀਏਟਰ ਦੀ ਬੈਕਗਰਾਊਂਡ ਨੂੰ ਆਧਾਰ ਬਣਾ ਕੇ ਇਕ ਭਾਵਨਾਤਮਕ ਵਿਸ਼ੇ ਤੇ ਬਣਾਈ ਜਾ ਰਹੀ ਇਸ ਫਿਲਮ ਦਾ ਖਾਸ ਆਕਰਸ਼ਨ ਗੁੱਗੂ ਗਿੱਲ ਵੀ ਹਨ, ਜੋ ਪਹਿਲੀ ਵਾਰ ਇਕ ਵਿਲੱਖਣ ਕਿਰਦਾਰ ਵਿੱਚ ਨਜਰ ਆਉਣਗੇ। ਇਸੇ ਸਾਲ ਮਈ ਦੇ ਆਸ , ਪਾਸ ਆਲ ਵਰਲਡ ਰਿਲੀਜ਼ ਕੀਤੀ ਜਾ ਰਹੀ ਇਸ ਫਿਲਮ ਦੀ ਕਹਾਣੀ, ਡਾਇਲਾਗ ਰਾਣਾ ਰਣਬੀਰ ਦੇ ਹਨ , ਕੋਰਿਓਗ੍ਰਾਫਰ ਭੂਪੀ , ਆਨ ਲਾਈਨ ਪ੍ਰੋਡਿਊਸਰ ਦਰਸ਼ਨ ਔਲਖ, ਆਰਟ ਨਿਰਦੇਸ਼ਕ ਤੀਰਥ ਗਿੱਲ ਹਨ ਜਦਕਿ ਫਿਲਮ ਨੂੰ ਮੁਕੰਮਲ ਕਰਨ ਵਿੱਚ ਮੁਕੇਸ਼ ਗਿੱਦੜਬਾਹਾ, ਦਲਜੀਤ ਹੁਸਿਆਰਪੁਰ ਨੇ ਵੀ ਵਿਸ਼ੇਸ਼ ਸਹਿਯੋਗ ਦਿੱਤਾ ਹੈ।

(ਗੁਰਨੈਬ ਸਾਜਣ ਦਿਓਣ)

'ਸੰਭਲੋ ਪੰਜਾਬ' ਦਾ ਰਿਲੀਜ਼ ਸਮਾਗਮ ਅੱਜ

ਲੁਧਿਆਣਾ 21 ਜਨਵਰੀ (ਰਾਜ ਜੋਸ਼ੀ)- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪੁਰਾਣੇ ਵਿਦਿਆਰਥੀ ਅਤੇ ਇਸ ਵੇਲੇ ਲੁਧਿਆਣਾ ਦਿਹਾਤੀ ਪੁਲਿਸ ਜ਼ਿਲ੍ਹੇ ਦੇ ਪੁਲਿਸ ਕਪਤਾਨ ਸ: ਗੁਰਪ੍ਰੀਤ ਸਿੰਘ ਤੂਰ ਵੱਲੋਂ ਨਸ਼ਾਖੋਰੀ, ਅਨਪੜ੍ਹਤਾ, ਰਿਸ਼ਵਤਖੋਰੀ ਅਤੇ ਹੋਰ ਸਮਾਜਿਕ ਕੁਰੀਤੀਆਂ ਦੇ ਖਿਲਾਫ ਲਿਖੀ ਪੁਸਤਕ 'ਸੰਭਲੋ ਪੰਜਾਬ' ਦਾ ਰਿਲੀਜ਼ ਸਮਾਗਮ 22 ਜਨਵਰੀ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਾਈਸ ਚਾਂਸਲਰ ਕਮੇਟੀ ਰੂਮ ਵਿਖੇ ਕਰਵਾਇਆ ਜਾ ਰਿਹਾ ਹੈ। ਯੂਨੀਵਰਸਿਟੀ ਦੇ ਸੰਚਾਰ ਅਤੇ ਅੰਤਰ ਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਕਰਵਾਏ ਜਾ ਰਹੇ ਇਸ ਸਮਾਗਮ ਦੀ ਰੂਪ ਰੇਖਾ ਦਸਦਿਆਂ ਸੰਚਾਰ ਕੇਂਦਰ ਦੇ ਅਪਰ ਨਿਰਦੇਸ਼ਕ ਡਾ: ਜਗਤਾਰ ਸਿੰਘ ਧੀਮਾਨ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਮਨਜੀਤ ਸਿੰਘ ਕੰਗ ਇਸ ਪੁਸਤਕ ਨੂੰ ਰਿਲੀਜ਼ ਕਰਨਗੇ। ਪੁਸਤਕ ਬਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐਸ ਪੀ ਸਿੰਘ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਜਨਰਲ ਸਕੱਤਰ ਪ੍ਰੋਫੈਸਰ ਰਵਿੰਦਰ ਭੱਠਲ ਅਤੇ ਹੋਰ ਵਿਦਵਾਨ ਜਾਣਕਾਰੀ ਦੇਣਗੇ। ਇਸ ਪੁਸਤਕ ਨੂੰ ਲਿਖਣ ਦੀ ਪ੍ਰਕਿਰਿਆ ਵਿਚੋਂ ਲੰਘਣ ਬਾਰੇ ਸ: ਗੁਰਪ੍ਰੀਤ ਸਿੰਘ ਤੂਰ ਖੁਦ ਸੰਬੋਧਨ ਕਰਨਗੇ। ਇਸ ਪੁਸਤਕ ਨੂੰ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ।